# ਫਿਸ੍ਹੂਲਾ ਜਾਂ ਗਰਾਫਟ ਵਿਚੋਂ ਖ਼ੂਨ ਨਿਕਲਣਾ: ਕੀ ਕਰਨਾ ਚਾਹੀਦਾ ਹੈ

ਡਾਇਲਿਸਸ ਯੂਨਿਟ ਤੋਂ ਆਓਣ ਬਾਦ ਇਹ ਬਹੁਤ ਘਟ ਹੁੰਦਾ ਹੈ ਕਿ ਤੁਹਾਡੇ ਫਿਸੂਲਾ ਜਾਂ ਗਰਾਫਟ ਵਿਚੋਂ ਖ਼ੂਨ ਨਿਕਲੇ। ਇਸ ਬਰੋਸ਼ਰ ਵਿਚ ਦਸਾਂਗੇ ਕਿ ਜੇ ਇਹ ਹੋਵੇ ਤਾਂ ਕੀ ਕਰਨਾ ਹੈ।

**ਜੇ ਮੇਰੀ ਸੂਈ ਵਾਲੀਆਂ ਥਾਵਾਂ ਤੋਂ ਖ਼ੂਨ ਨਿਕਲੇ ਤਾਂ ਘਰ ਵਿਚ ਮੇਰੇ ਕੋਲ ਕੀ ਸਮਾਨ ਚਾਹੀਦਾ ਹੈ**

- ਪੱਟੀਆਂ
- ਟੇਪ
- ਦਸਤਾਨੇ
- ਰੱਸੀ (ਜਿਵੇਂ ਬੰਨਣ ਲਈ ਬੈਲਟ, ਟਾਈ, ਬਲੱਡ ਪਰੈਸ਼ਰ ਵਾਲਾ ਕੱਫ- ਓਦੋਂ ਹੀ ਲੋੜੀਂਦਾ ਜਦੋਂ ਖ਼ੂਨ ਬਹੁਤ ਜ਼ਿਆਦਾ ਨਿਕਲ ਰਿਹਾ ਹੋਵੇ)

ਇਹ ਚੀਜ਼ਾਂ ਅਪਣੀ ਐਮਰਜੈਂਸੀ ਕਿੱਟ ਵਿਚ ਰਖੋ

## ਜੇ ਡਾਇਲਿਸਸ ਯੂਨਿਟ ਛੱਡਣ ਤੋਂ ਬਾਦ ਫਿਸੂਲਾ ਜਾਂ ਗਰਾਫਟ ਵਿਚੋਂ ਖ਼ੂਨ ਨਿਕਲਣ ਲਗੇ ਤਾਂ ਮੈਂ ਕੀ ਕਰਾਂ?

- ਮਦਦ ਵਾਸਤੇ ਪੁਕਾਰੋ! ਅਪਣੇ ਪਰਿਵਾਰ ਨੂੰ, ਦੋਸਤਾਂ ਜਾਂ ਗਵਾਂਢੀਆਂ ਨੂੰ ਦਸੋ।
- ਐਮਰਜੈਂਸੀ ਕਿੱਟ ਲਵੋ, ਦਸਤਾਨੇ ਪਾਓ ਤੇ ਪੱਟੀ ਖੋਲੋ। ਜੇ ਨੇੜੇ ਪੱਟੀ ਨਹੀਂ ਹੈ ਤਾਂ ਕੋਈ ਸੂਤੀ ਕਪੜਾ, ਟਿਸ਼ੂ ਜਾਂ ਪੇਪਰ ਟਾਵਲ ਵਰਤੋ।
- 10–15 ਮਿਨਟ ਤਕ ਦਬਾ ਕੇ ਰਖੋ, ਤੇ ਉਂਗਲ ਚੁਕ ਕੇ ਨਾ ਦੇਖੋ।
- ਪੱਕਾ ਕਰੋ ਕਿ ਤੁਸੀਂ ਦੋਨੋ ਸੂਈਆਂ ਦੇ ਨਿਸ਼ਾਨ ਤੇ ਬਰਾਬਰ ਦਬਾ ਪਾ ਰਹੇ ਹੋ, ਜਿਥੇ ਸੂਈ ਚਮੜੀ ਅੰਦਰ ਜਾਂਦੀ ਹੈ ਤੇ ਜਿਥੇ ਇਹ ਫਿਸੂਲਾ / ਗਰਾਫਟ ਅੰਦਰ ਜਾਂਦੀ ਹੈ।
- ਜੇ ਖ਼ੂਨ ਰੁਕ ਜਾਂਦਾ ਹੈ , ਉਪਰ ਬੈਂਡ ਏਡ ਲਗਾ ਦਿਓ ( ਤੇ ਅਗਲੀ ਵਾਰ ਅਪਣੀ ਨਰਸ ਨੂੰ ਇਸ ਬਾਰੇ ਦਸੋ)
- ਜੇ 15 ਮਿਨਟ ਵਿਚ ਖ਼ੂਨ ਨਹੀਂ ਰੁਕਦਾ ਤਾਂ 911 ਤੇ ਫੋਨ ਕਰੋ।
- ਫਿਸੂਲਾ / ਗਰਾਫਟ ਵਾਲੀ ਬਾਂਹ ਨੂੰ ਉਚਾ ਚੁਕ ਲਵੋ।
- ਜੇ ਬਹੁਤ ਜ਼ਿਆਦਾ ਖ਼ੂਨ ਨਿਕਲ ਰਿਹਾ ਹੈ ਤਾਂ ਐਂਬੂਲੈਂਸ ਦੇ ਆਉਣ ਤਕ ਬਾਂਹ ਨੂੰ ਉਪਰ ਤੋਂ (ਬੈਲਟ, ਟਾਈ ਜਾਂ ਬੀ ਪੀ ਕੱਫ ਆਦਿ ਨਾਲ) ਬੰਨ ਲਵੋ।






**ਸੂਈਆਂ ਦੇ ਨਿਸ਼ਾਨ ਉਪਰ ਦਬਾ ਕਿਵੇਂ ਪਾਉਣਾ**

ਇਸ ਪੈਂਫਲਟ ਵਿਚ ਦਿਤੀ ਜਾਣਕਾਰੀ ਤੁਹਾਡੇ ਗਿਆਨ ਤੇ ਤੁਹਾਡੀ ਸਿਹਤ ਸੰਭਾਲ ਟੀਮ ਲਈ ਤੁਹਾਡੀ ਬੀਮਾਰੀ ਦੀ ਹਾਲਤ ਦੇ ਇਲਾਜ ਵਿਚ ਮਦਦ ਕਰਨ ਵਾਸਤੇ ਦਿਤੀ ਗਈ ਹੈ।ਇਸ ਵਿਚ ਕੋਈ ਡਾਕਟਰੀ ਸਲਾਹ ਨਹੀਂ ਅਤੇ ਇਹ ਤੁਹਾਡੇ ਡਾਕਟਰ ਜਾਂ ਹੋਰ ਸਿਹਤ ਸੰਭਾਲ ਪ੍ਰੋਫੈਸ਼ਨਲ ਦੀ ਸਲਾਹ ਦੀ ਜਗਾਹ ਨਹੀਂ ਲੈ ਸਕਦਾ। । ਇਹ ਬਰੋਸ਼ਰ ਬੀ. ਸੀ . ਰੀਨਲ ਏਜੰਸੀ ਦੀ ਵੈਬਸਾਈਟ ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ: www.bcrenalagency.ca

BCRenal an agency of the Provincial Health Services Authority

BC Renal Agency
700-1380 Burrard Street
Vancouver, BC
V6Z 2H3

Phone: 604-875-7340
Email: bcpra@bcpra.ca
Web: BCRenalAgency.ca

Facebook.com/BCRenalAgency
@BCRenalAgency
Youtube.com/BCRenalAgency